ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਵਿੱਦਿਆ ਭਵਨ(ਬਿਲਡਿੰਗ ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ-ਈ, ਪੰਜਵੀਂ ਮੰਜ਼ਿਲ,ਫੇਸ-8 ਮੋਹਾਲੀ
ਟੈਲੀਫੋਨ ਨੰਬਰ- 0172-5212363, ਫੈਕਸ ਨੰਬਰ- 0172-5212370

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਵੈਬਸਾਈਟ ਰਾਹੀਂ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
ਸਮੂਹ ਸਕੂਲ ਮੁੱਖੀ ਪੰਜਾਬ।

ਮੀਮੋ ਨੰ: ਏ.ਐਸ.ਪੀ.ਡੀ/ਕੋਆਰਡੀਨੇਸ਼ਨ/2014/201417 07
ਮਿਤੀ: 28.8.2014

ਵਿਸ਼ਾ: 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਜੀ ਵੱਲੋਂ ਸਮੂਹ ਸਕੂਲੀ ਬੱਚਿਆਂ ਨੂੰ ਵਿਸ਼ੇਸ ਸੰਬੋਧਨ ਕਰਨ ਸੰਬੰਧੀ।

1. ਅਧਿਆਪਕ ਦਿਵਸ ਮੌਕੇ 5 ਸਤੰਬਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਜੀ ਵੱਲੋਂ ਦੇਸ ਭਰ ਦੇ ਬੱਚਿਆਂ ਨੂੰ ਟੈਲੀਵਿਜਨ ਰਾਹੀਂ ਉਹਨਾਂ ਦੇ ਸਕੂਲਾਂ ਵਿੱਚ ਵਿਸ਼ੇਸ ਰੂਪ ਵਿੱਚ ਸਬੰਧੋਨ ਕੀਤਾ ਜਾ ਰਿਹਾ ਹੈ। ਦੂਰਦਰਸ਼ਨ ਦੇ ਵੱਖ ਵੱਖ ਚੈਨਲਾਂ ਰਾਹੀਂ ਪ੍ਰਧਾਨ ਮੰਤਰੀ ਦਾ ਸਿੱਧਾ ਸੰਦੇਸ਼ ਬਾਅਦ ਦੁਪਹਿਰ 2.30 ਵਜੇ ਤੋਂ ਲੈ ਕੇ 4.45 ਵਜੇ ਤੱਕ ਹੋਵੇਗਾ।

2. ਆਪਣੇ ਜ਼ਿਲ੍ਹੇ ਵਿੱਚ ਸਮੂਹ ਸਕੂਲਾਂ(ਸਮੇਤ ਸੀ.ਬੀ.ਐਸ.ਈ, ਆਦਰਸ਼, ਮਾਡਲ, ਏਡਿਡ, ਪ੍ਰਾਈਵੇਟ ਅਤੇ ਪੰਚਾਇਤੀ ਰਾਜ) ਦੇ ਵਿਦਿਆਰਥੀ ਆਪਣੇ ਆਪਣੇ ਸਕੂਲਾਂ ਵਿਚ ਪ੍ਰਧਾਨ ਮੰਤਰੀ ਜੀ ਦੇ ਵਿਸ਼ੇਸ਼ ਸੰਬੋਧਨ ਨੂੰ ਇਕੱਠੇ ਬੈਠ ਕੇ ਸੁਨਣਗੇ। ਜਿੰਨਾਂ ਸਕੂਲਾਂ ਵਿੱਚ ਐਜੂਸੈਟ ਲੈਬ ਅਤੇ ਆਈ.ਸੀ.ਟੀ ਲੈਬ ਉਪਲਬਧ ਹਨ ਉਥੇ ਵਿਦਿਆਰਥੀਆਂ ਲਈ ਵੱਡੇ ਸਕਰੀਨ ਦਾ ਇੰਤਜਾਮ ਕਰਵਾਇਆ ਜਾਵੇ। ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਵਿੱਚ ਟੈਲੀਵੀਜ਼ਨ, ਜਨਰੇਟਰ, ਐਨਟੈਨਾ ਜਾਂ ਸੈਟਅਪਬਕਸ ਉਪਲਬਧ ਕਰਾਇਆ ਜਾਵੇ। ਪ੍ਰਧਾਨ ਮੰਤਰੀ ਜੀ ਵੱਲੋਂ ਦਿੱਤਾ ਜਾਣ ਵਾਲਾ ਇਹ ਵਿਸ਼ੇਸ਼ ਸੰਦੇਸ਼ ਦੂਰਦਰਸ਼ਨ ਦੇ ਵੱਖ ਵੱਖ ਚੈਨਲਾਂ ਰਾਹੀਂ ਪ੍ਰਸਾਰਿਤ ਕੀਤਾ ਜਾਣਾ ਹੈ।

3. ਅਧਿਆਪਕ ਦਿਵਸ ਤੇ ਹਰ ਸਕੂਲ ਵਿਚ ਅਯੋਜਿਤ ਕੀਤੇ ਜਾਣ ਵਾਲੇ ਇਸ ਵਿਸ਼ੇਸ਼ ਪ੍ਰੋਗਰਾਮ ਨੂੰ ਵਿਧੀਬੱਧ ਵਿਓਤਣ ਲਈ ਸਾਰੇ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਕੱਲ 29 ਅਗਸਤ 2014 ਨੂੰ ਬਾਅਦ ਦੁਪਹਿਰ 4 ਵਜੇਂ NIC ਰਾਹੀਂ ਵੀਡੀਓ ਕਾਨਫਰੰਸ ਮੁੱਖ ਦਫਤਰ ਚੰਡੀਗੜ੍ਹ ਤੋਂ ਪ੍ਰਿੰਸੀਪਲ ਸਕੱਤਰ ਸਿੱਖਿਆ ਕਰਨਗੇ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਵੀ.ਸੀ ਵਿਚ ਸਮੇਂ ਸਿਰ ਜ਼ਿਲ੍ਹਾ ਸਥਿਤ NIC ਰੂਮ ਵਿਚ ਪਹੁੰਚ ਕੇ ਅਧਿਆਪਕ ਉਤਸਵ ਨਾਲ ਸਬੰਧਤ ਮਸਲਿਆਂ ਤੇ ਵਿਚਾਰ ਵਟਾਂਦਰਾ ਕੀਤਾ ਜਾਵੇ ।

4. ਆਪਣੇ ਜ਼ਿਲ੍ਹੇ ਨਾਲ ਸਬੰਧਤ ਸਕੂਲ ਵਾਈਜ਼ ਇੰਤਜਾਮਾਂ ਦੀ ਤਫਸੀਲ 30 ਅਗਸਤ ਤੱਕ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਭਾਰਤ ਸਰਕਾਰ ਨੂੰ ਇਸ ਬਾਰੇ ਸੂਚਿਤ ਕੀਤਾ ਜਾ ਸਕੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ